ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀ ਮੰਜਿਲ, ਫੇਜ਼-8, ਐਸ.ਏ.ਐਸ.ਨਗਰ
ਈਮੇਲ: directorscert@punjabeducation.gov.in ਫੋਨ ਨੰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ ਅਤੇ ਐ.ਸਿੱ.),
ਪੰਜਾਬ।

ਡਾ-6 2024144848/2011
21/11/24

ਮੀਮੋ ਨੰਬਰ: SCERT/SCI/2024297442/e-100079

ਮਿਤੀ:ਸ.ਅ.ਸ.ਨਗਰ: 20.11.2024

**ਵਿਸ਼ਾ- ਸਾਲ 2024-25 ਦੌਰਾਨ RAA ਅਧੀਨ ਵਿਗਿਆਨ, ਅੰਗਰੇਜ਼ੀ, ਸਮਾਜਿਕ ਸਿੱਖਿਆ ਅਤੇ ਗਣਿਤ ਵਿਸ਼ੇ ਤੇ ਅਧਾਰਿਤ Quiz ਮੁਕਾਬਲੇ ਕਰਵਾਉਣ ਸਬੰਧੀ।**

1.0 ਉਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸੈਸ਼ਨ 2024-25 ਲਈ RAA ਅਧੀਨ ਵਿਗਿਆਨ, ਗਣਿਤ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ ਤੇ ਅਧਾਰਿਤ Quiz ਮੁਕਾਬਲੇ ਬਲਾਕ ਪੱਧਰ ਤੋਂ ਜ਼ਿਲ੍ਹਾ ਪੱਧਰ ਤੱਕ ਕਰਵਾਏ ਜਾ ਰਹੇ ਹਨ।

2.0 ਇਹਨਾਂ Quiz ਮੁਕਾਬਲਿਆਂ ਦੀਆਂ ਮਿਤੀਆਂ ਹੇਠ ਅਨੁਸਾਰ ਹਨ :

| ਲੜੀ ਨੰ. | ਪੱਧਰ | ਮਿਤੀ |
|---|---|---|
| 1 | ਬਲਾਕ | 12.12.2024 |
| 2 | ਜ਼ਿਲ੍ਹਾ | 13.12.2024 |

3.0 ਕੁਇੱਜ਼ ਮੁਕਾਬਲਿਆਂ ਲਈ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ :

i. ਕੁਇੱਜ਼ ਮੁਕਾਬਲਾ ਸਾਇੰਸ, ਗਣਿਤ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ 'ਤੇ ਅਧਾਰਿਤ ਹੋਵੇਗਾ।
- ਇਸ ਵਿੱਚ ਜਮਾਤ 6ਵੀਂ ਤੋਂ 10ਵੀਂ ਤੱਕ ਦੇ ਵਿਦਿਆਰਥੀ ਭਾਗ ਲੈਣਗੇ।
- ਪਹਿਲੀ ਟੀਮ ਵਿੱਚ 3 ਮੈਂਬਰ (01 ਵਿਦਿਆਰਥੀ ਪ੍ਰਤੀ ਜਮਾਤ) ਜਮਾਤ 6ਵੀਂ ਤੋਂ 8ਵੀਂ ਤੱਕ ਹੋਣਗੇ
- ਦੂਸਰੀ ਟੀਮ ਵਿੱਚ 2 ਮੈਂਬਰ (01 ਵਿਦਿਆਰਥੀ ਪ੍ਰਤੀ ਜਮਾਤ) ਜਮਾਤ 9ਵੀਂ ਤੋਂ 10ਵੀਂ ਤੱਕ ਹੋਣਗੇ

**ਬਲਾਕ ਪੱਧਰ**

i. ਬਲਾਕ ਪੱਧਰ ਤੇ ਕੁਇੱਜ਼ ਮੁਕਾਬਲੇ ਦਾ ਸੰਚਾਲਨ ਅਤੇ ਪ੍ਰਸ਼ਨ ਬੈਂਕ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਅਗਵਾਈ ਵਿੱਚ ਸਮੂਹ ਬੀ.ਐਨ.ਓ ਦੁਆਰਾ ਸਾਇੰਸ, ਗਣਿਤ, ਅੰਗਰੇਜ਼ੀ ਵਿਸ਼ੇ ਦੇ ਅਧਿਆਪਕਾਂ ਦੀ ਮਦਦ ਨਾਲ ਤਿਆਰ ਕੀਤਾ ਜਾਵੇਗਾ।

ii. ਬਲਾਕ ਪੱਧਰ ਤੇ ਕੁਇੱਜ਼ ਮੁਕਾਬਲੇ ਦਾ ਰਿਕਾਰਡ ਬੀ.ਐਨ.ਓ ਵੱਲੋਂ ਸਾਂਭਿਆ ਜਾਵੇਗਾ ਅਤੇ ਜ਼ਿਲ੍ਹਾ ਸਿੱਖਿਆ ਦਫ਼ਤਰ (ਸੈ.ਸਿ.) ਨਾਲ ਸਾਂਝਾ ਕੀਤਾ ਜਾਵੇਗਾ।

iii. ਵਿਦਿਆਰਥੀਆਂ ਦੀ ਸ਼ਮੂਲੀਅਤ ਦੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

**ਜ਼ਿਲ੍ਹਾ ਪੱਧਰ**

i. ਜ਼ਿਲ੍ਹਾ ਪੱਧਰ ਤੇ ਕੁਇੱਜ਼ ਮੁਕਾਬਲੇ ਦਾ ਸੰਚਾਲਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਦੀ ਅਗਵਾਈ ਵਿੱਚ ਕੀਤਾ ਜਾਵੇਗਾ

ii. ਕੁਇੱਜ਼ ਮੁਕਾਬਲੇ ਲਈ ਪ੍ਰਸ਼ਨ ਮੁੱਖ ਦਫ਼ਤਰ ਵੱਲੋਂ ਤਿਆਰ ਕਰਕੇ ਭੇਜੇ ਜਾਣਗੇ।

iii. ਵਿਦਿਆਰਥੀਆਂ ਦੀ ਸ਼ਮੂਲੀਅਤ ਦੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

iv. ਜ਼ਿਲ੍ਹਾ ਪੱਧਰ ਤੇ ਕੁਇੱਜ਼ ਮੁਕਾਬਲੇ ਦਾ ਰਿਕਾਰਡ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦਫ਼ਤਰ ਵੱਲੋਂ ਸੰਭਾਲਿਆ ਜਾਵੇਗਾ।

10.0 ਉਪਰੋਕਤ ਰਾਸ਼ੀ ਕੁਇਜ਼ ਮੁਕਾਬਲਿਆਂ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਦੇਖ-ਰੇਖ ਹੇਠ ਖਰਚ ਕੀਤੀ ਜਾਣੀ ਹੈ। ਇਸ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ.) ਨਾਲ ਤਾਲ-ਮੇਲ ਕਰਕੇ ਇਸ ਰਾਸ਼ੀ ਦੀ ਵਰਤੋ ਕਰ ਸਕਦੇ ਹਨ।

11.0 ਮੁੱਖ ਦਫ਼ਤਰ ਵੱਲੋ ਭੇਜੇ ਗਏ ਫੰਡਾਂ ਨੂੰ ਪੰਜਾਬ ਸਰਕਾਰ ਦੇ ਵਿੱਤੀ ਨਿਯਮਾਂ ਅਤੇ ਭਾਰਤ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਖਰਚ ਕਰਨ ਉਪਰੰਤ ਇਕ ਹਫ਼ਤੇ ਦੇ ਅੰਦਰ-ਅੰਦਰ ਵਰਤੋਂ ਸਰਟੀਫਿਕੇਟ ਭੇਜਣਾ ਯਕੀਨੀ ਬਣਾਇਆ ਜਾਵੇ।

ਅਮਨਿੰਦਰ ਕੌਰ ਬਰਾੜ, PCS
ਡਾਇਰੈਕਟਰ
ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ

ਪਿੱਠ ਅੰਕਣ ਨੰਬਰ : ਉਕਤ
ਮਿਤੀ:ਐਸ.ਏ.ਐਸ. ਨਗਰ: 20.11.2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਸਕੂਲ ਮੁੱਖੀ (ਮਿਡਲ, ਹਾਈ ਅਤੇ ਸੀ.ਸੈ.)
2. ਸਮੂਹ ਬਲਾਕ ਨੋਡਲ ਅਫ਼ਸਰ

(ਡਾ. ਅਮਨਦੀਪ ਕੌਰ)
ਸਹਾਇਕ ਡਾਇਰੈਕਟਰ
ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਫਿਰੋਜ਼ਪੁਰ
ਪਿੱਠ ਅੰਕਣ ਨੰ ਏ ਖ-6/2024/4000/- ਮਿਤੀ 03/12/2024

ਉਪਰੋਕਤ ਅਨੁਸਾਰ ਪੱਤਰ ਦੀ ਕਾਪੀ ਹਿੱਤ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2024-25 ਦੌਰਾਨ RAA ਅਧੀਨ ਵਿਗਿਆਨ, ਗਣਿਤ, ਸਮਾਜਿਕ ਸਿੱਖਿਆ ਅਤੇ ਗਣਿਤ ਵਿਸ਼ੇ ਦੇ ਅਧਾਰਿਤ ਕੁਇੰਜ਼ ਮੁਕਾਬਲੇ ਕਰਵਾਏ ਜਾਣੇ ਹਨ। ਇਸ ਕੁਇਜ਼ ਮੁਕਾਬਲੇ ਦੀ ਵਿਦਿਆਰਥੀਆਂ ਨੂੰ ਤਿਆਰੀ ਕਰਵਾਈ ਜਾਵੇ। ਜਮਾ ਅਧਾਰ ਪਾਲਣਾ ਹਿੱਤ ਭੇਜਿਆ ਜਾਂਦਾ।

ਵਧੀਕ
ਉ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਫਿਰੋਜ਼ਪੁਰ
03/12/24